## ਕਾਲੀਆਂ ਸੂਚੀਆਂ

3 ਸਫ਼ੇ ਦੀ ਬਾਕੀ

ਆਪਣੇ ਸਿਆਸੀ ਵਿਰੋਧੀਆਂ ਨੂੰ ਵਿਜੀਲੈਂਸ ਤੇ ਖੁਫ਼ੀਆ ਵਿਭਾਗ ਰਾਹੀਂ ਚਿਤ ਕਰਨ ਵਿਚ ਮਾਹਿਰ ਸਰਕਾਰ ਨੂੰ ਇਹ ਵੀ ਨਹੀਂ ਪਤਾ ਕਿ ਸੂਚੀ ਵਿਚਲੇ 84 ਵਿਅਕਤੀ ਕਿਥੇ ਹਨ ਤੇ ਉਨ੍ਹਾਂ ਦੀ ਅਸਲ ਪਛਾਣ ਕੀ ਹੈ ? ਕਾਲੀ ਸੂਚੀ ਵਿਚ ਸਿਰਫ਼ 28 ਵਿਅਕਤੀ ਹੀ ਅਜਿਹੇ ਹਨ ਜਿਨ੍ਹਾਂ ਉਪਰ ਪੰਜਾਬ ਦੇ ਥਾਣਿਆਂ ਵਿਚ ਹਿੰਸਾ ਅਤੇ ਹੋਰ ਜੁਰਮਾਂ ਅਧੀਨ ਕੇਸ ਦਰਜ ਹਨ। ਇਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ-

ਹਰਮੀਤ ਸਿੰਘ ਭੱਕਨਾ ਮੁੱਖੀ ਕਾਮਾਗਾਟੂ ਮਾਰੂ ਇੰਟਰਨੈਸ਼ਨਲ ਭੱਕਨਾ ਕਲਾਂ ਅੰਮ੍ਰਿਤਸਰ ਦੇ ਰਹਿਣ ਵਾਲੇ ਤੇ ਹੁਣ ਜਰਮਨੀ ਵਿੱਚ, ਰਛਪਾਲ ਸਿੰਘ ਖਾਲਿਸਤਾਨੀ ਪੱਟੀ ਹਰਿਦਾਸ ਵੇਰਕਾ ਅੰਮ੍ਰਿਤਸਰ ਹੁਣ ਜਰਮਨੀ ਵਿੱਚ, ਗੁਰਪ੍ਰਤਾਪ ਸਿੰਘ ਬਾਟੂ ਰਨਗੜ੍ਹ ਨੰਗਲ ਬਟਾਲਾ ਦਲ ਖ਼ਾਲਸਾ ਕੈਨੇਡਾ ਦੇ ਮੈਂਬਰ ਹੁਣ ਨਿਊਯਾਰਕ ਵਿੱਚ, ਗੁਰਜੰਟ ਸਿੰਘ ਬੰਟੀ ਜੰਗਲਾ ਪੀ ਐਸ ਸਦਰ ਬਟਾਲਾ ਹੁਣ ਜਰਮਨੀ ਵਿੱਚ, ਸਤਵਿੰਦਰ ਸਿੰਘ ਭੋਲਾ ਗਿੱਲ ਪਾਵਰ ਹਾਊਸ ਰੋਡ ਬਠਿੰਡਾ ਦੇ ਰਹਿਣ ਵਾਲੇ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਮੈਂਬਰ ਤੇ ਹੁਣ ਯੂਐਸਏ ਵਿੱਚ, ਜਸਵੰਤ ਸਿੰਘ ਠੇਕੇਦਾਰ ਗੁਰਦਾਸਪੁਰ ਦੇ ਨਿਵਾਸੀ ਤੇ ਹੁਣ ਇੰਗਲੈਂਡ ਵਿੱਚ, ਹਰਜਿੰਦਰ ਸਿੰਘ ਬਿੱਲਾ ਟਾਂਡਾ ਦੇ ਰਹਿਣ ਵਾਲੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੈਂਬਰ ਹੁਣ ਜਰਮਨੀ ਵਿੱਚ, ਜਗਜੀਤ ਸਿੰਘ ਬਿੱਲਾ ਕਮਾਲਪੁਰਾ ਟਾਂਡਾ ਹੁਸ਼ਿਆਰਸਰਪੁਰ ਖਾਲਿਸਤਾਨ ਕਮਾਂਡੋ ਫੋਰਸ ਦੇ ਮੈਂਬਰ ਤੇ ਹੁਣ ਯੂਐਸ ਏ ਵਿੱਚ, ਸੁਖਦੇਵ ਸਿੰਘ ਛੋਟੂ ਹੇਰਾਂ ਨਕੋਦਰ ਜਲੰਧਰ, ਗੁਰਦਿਆਲ ਸਿੰਘ ਲਾਲੀ ਕਾਲਾ ਖਹਿਰਾ ਕਰਤਾਰਪੁਰ ਜਲੰਧਰ ਇੰਟਰਨੈਸ਼ਨਲ ਯੂਥ ਫੈਡਰੇਸ਼ਨ ਬਿੱਟੂ ਦੇ ਮੈਂਬਰ ਹੁਣ ਜਰਮਨੀ ਵਿੱਚ, ਭੁਪਿੰਦਰ ਸਿੰਘ ਭਿੰਦਾ ਸ਼ਾਦੀਪੁਰ ਨੂਰਮਹਿਲ ਹੁਣ ਜਰਮਨੀ ਵਿੱਚ, ਬਲਵਿੰਦਰ ਸਿੰਘ ਢਿੱਲੋਂ ਡੱਲੇਵਾਲ ਗੁਰਾਇਆ ਤੇ ਹੁਣ ਇੰਗਲੈਂਡ ਵਿੱਚ, ਲਵਸ਼ਿੰਦਰ ਸਿੰਘ ਡੱਲੇਵਾਲ ਗੁਰਾਇਆ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੈਂਬਰ ਤੇ ਹੁਣ ਇੰਗਲੈਂਡ ਵਿੱਚ, ਗੁਰਚਰਨ ਸਿੰਘ ਬਿਲਗਾ ਮੈਂਬਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਲੰਧਰ ਨਿਵਾਸੀ ਤੇ ਹੁਣ ਯੂਐਸਏ ਵਿੱਚ, ਅਵਤਾਰ ਸਿੰਘ ਤਾਰੀ ਉਰਫ ਤਾਰਾ ਬਿਸਰਾਮ ਪੁਰ ਕਰਤਾਰਪੁਰ ਜਲੰਧਰ ਕੇਸੀਐਫ ਦੇ ਮੈਂਬਰ ਹੁਣ ਨੀਦਰਲੈਂਡ ਵਿੱਚ, ਤਰਸੇਮ ਸਿੰਘ ਸੇਮਾ ਉਰਫ ਕਰਮ ਸਿੰਘ ਕਾਲਾ ਸੰਘੀਆ ਕਪੂਰਥਲਾ ਤੇ ਹੁਣ ਹਾਲੈਂਡ ਵਿੱਚ, ਵਧਾਵਾ ਸਿੰਘ ਚਾਚਾ ਸੰਧੂ ਚੱਠਾ ਕਪੂਰਥਲਾ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਹੁਣ ਲਾਹੌਰ ਵਿੱਚ, ਸੁਖਵਿੰਦਰ ਸਿੰਘ ਪੈਂਟਾ ਸਾਹਨੇਵਾਲ ਲੁਧਿਆਣਾ ਖਾਲਿਸਤਾਨ ਕਮਾਂਡੋ ਫੋਰਸ ਦੇ ਮੈਂਬਰ ਤੇ ਹੁਣ ਯੂਐਸਏ ਵਿੱਚ, ਜਗਦੀਸ਼ ਸਿੰਘ ਭੌਰਾ ਮੈਂਬਰ ਖਾਲਿਸਤਾਨ ਲਿਬਰੇਸ਼ਨ ਫੋਰਸ ਉਰਫ ਡਾ. ਲੁਧਿਆਣਾ, ਲਖਬੀਰ ਸਿੰਘ ਰੋਡੇ ਮੋਗਾ ਪ੍ਰਧਾਨ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਤੇ ਹੁਣ ਪਾਕਿਸਤਾਨ ਵਿੱਚ, ਗੁਰਚਰਨ ਸਿੰਘ ਸੈਦਪੁਰ ਪਿੰਡ ਖਰੜ ਮੋਹਾਲੀ ਮੈਂਬਰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਤੇ ਹੁਣ ਅਮਰੀਕਾ ਵਿੱਚ, ਹਰਵਿੰਦਰ ਸਿੰਘ ਬਠੇਰੀ ਰਾਜਪੁਰਾ ਪਟਿਆਲਾ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਤੇ ਹੁਣ ਬੈਲਜੀਅਮ ਵਿੱਚ, ਜਗਤਾਰ ਸਿੰਘ ਤਾਰੀ ਰੋਪੜ ਨਿਵਾਸੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਤੇ ਹੁਣ ਨੇਪਾਲ ਵਿੱਚ, ਹਰਜਿੰਦਰ ਸਿੰਘ ਬੱਬਰ ਰੋਪੜ ਹੁਣ ਨਿਊਯਾਰਕ ਵਿੱਚ, ਸੁਰਿੰਦਰ ਸਿੰਘ ਸੇਖੋ ਸੰਗਰੂਰ ਬੱਬਰ ਖਾਲਸਾ ਦੇ ਮੈਂਬਰ ਹੁਣ ਲਾਹੌਰ ਵਿੱਚ, ਪਰਮਜੀਤ ਸਿੰਘ ਪੰਜਵੜ ਤਰਨਤਾਰਨ ਨਿਵਾਸੀ ਹੁਣ ਲਾਹੌਰ ਵਿੱਚ, ਮਹਿਲ ਸਿੰਘ ਤਰਨਤਾਰਨ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਤੇ ਹੁਣ ਪਾਕਿਸਤਾਨ ਵਿੱਚ, ਬਲਵੀਰ ਸਿੰਘ ਸੰਧੂ ਅੰਮ੍ਰਿਤਸਰ ਦਲ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਤੇ ਹੁਣ ਪਾਕਿਸਤਾਨ ਵਿੱਚ।

ਸਮਝਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਦਾਇਤ 'ਤੇ ਇਹ ਨਾਮਾਂ ਦੀ ਸੂਚੀ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਿੱਖਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਭੇਜੀ ਹੋਵੇਗੀ।

ਇਸ ਮਾਮਲੇ ਬਾਰੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਟਿੱਪਣੀ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਤਾਂ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਸਮੁੱਚੇ ਰੂਪ ਵਿੱਚ ਖ਼ਤਮ ਕਰਨਾ ਚਾਹੁੰਦੀ ਹੈ, ਪਰ ਪੰਥਕ ਸਰਕਾਰ ਅਤੇ ਪੰਥਕ ਜੱਥੇਬੰਦੀ ਦੇ ਮੁੱਖੀ ਹੋਣ ਦੇ ਦਾਅਵੇਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਇਸ ਦੇ ਲਈ ਤਿਆਰ ਨਹੀਂ। ਕੇਂਦਰੀ ਸਰਕਾਰ ਨੇ ਕਾਲੀ ਸੂਚੀ ਵਿੱਚ ਸ਼ਾਮਲ ਪੰਜਾਬ ਦੇ 169 ਸਿੱਖਾਂ ਦੇ ਨਾਂ ਕਲੀਅਰੈਂਸ ਵਾਸਤੇ ਪੰਜਾਬ ਦੀ ਬਾਦਲ ਸਰਕਾਰ ਕੋਲ ਭੇਜੇ ਸਨ, ਪਰ ਉਨ੍ਹਾਂ ਦੀ ਸਰਕਾਰ ਨੇ ਕੇਵਲ 46 ਨਾਵਾਂ ਦੀ ਕਲੀਅਰੈਂਸ ਭੇਜ ਇਹ ਆਖ ਕੇ ਕਿ ਬਾਕੀਆਂ ਦੇ ਪਤੇ ਟਿਕਾਣਿਆਂ ਬਾਰੇ ਉਸ ਨੂੰ ਕੁੱਝ ਨਹੀਂ ਪਤਾ, ਪਾਸਾ ਵੱਟ ਲਿਆ ਹੈ। ਸ. ਸਰਨਾ ਨੇ ਕਿਹਾ ਕਿ ਇਨ੍ਹਾਂ 46 ਵਿਅਕਤੀਆਂ ਵਿੱਚੋਂ ਵੀ ਸੱਤ ਪਹਿਲਾਂ ਹੀ ਭਾਰਤ ਵਿੱਚ ਰਹਿ ਰਹੇ ਹਨ ਤੇ ਅਦਾਲਤਾਂ ਨੇ ਉਨ੍ਹਾਂ ਵਿਰੁੱਧ ਲਾਏ ਗਏ ਦੋਸ਼ਾਂ ਨੂੰ ਖਾਰਿਜ ਕਰ ਦਿੱਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ 46 ਵਿਅਕਤੀਆਂ ਦੀ ਸੂਚੀ ਵਿੱਚ ਉਹ ਵਿਅਕਤੀ ਵੀ ਸ਼ਾਮਲ ਹਨ, ਜੋ 1980 ਤੋਂ ਬਾਅਦ ਕਦੀ ਵੀ ਭਾਰਤ ਨਹੀਂ ਆਏ, ਇਨ੍ਹਾਂ ਵਿੱਚ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ ਗੁਰਮੀਤ ਸਿੰਘ ਔਲਖ ਅਤੇ ਖਾਲਿਸਤਾਨੀ ਵਿਚਾਰਧਾਰਾ ਦੇ ਧਾਰਨੀ ਗੰਗਾ ਸਿੰਘ ਢਿੱਲੋਂ ਆਦਿ ਵੀ ਸ਼ਾਮਲ ਹਨ। ਸਰਨਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਤੇ ਕੋਈ ਇਤਰਾਜ਼ ਨਹੀਂ ਕਿ ਸ. ਬਾਦਲ ਨੇ ਅਜਿਹੀ ਸੋਚ ਵਾਲਿਆਂ ਦੇ ਨਾਵਾਂ ਨੂੰ ਕਲੀਅਰੈਂਸ ਕਿਉਂ ਦਿੱਤੀ ਹੈ। ਉਨ੍ਹਾਂ ਨੂੰ ਤਾਂ ਖੁਸ਼ੀ ਹੋਵੇਗੀ ਕਿ ਜੇ ਅਜਿਹੀ ਸੋਚ ਦੇ ਧਾਰਨੀ ਭਾਰਤ ਆ ਕੇ ਦੇਸ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਣ। ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਾਂ ਹੈਰਾਨੀ ਇਸ ਗੱਲ ਦੀ ਹੈ ਕਿ ਬਾਦਲ ਦੀ ਸਰਕਾਰ ਨੇ ਉਨ੍ਹਾਂ ਸਿੱਖਾਂ ਨੂੰ ਅਣਗੌਲਿਆਂ ਕੀਤਾ ਹੈ, ਜੋ ਉਨ੍ਹਾਂ ਦੇ ਹੀ ਭੜਕਾਊ ਤੇ ਗੁੰਮਰਾਹਕੁੰਨ ਭਾਸ਼ਣਾਂ ਦਾ ਸ਼ਿਕਾਰ ਹੋ ਕੇ ਭਟਕ ਗਏ ਸਨ ਤੇ ਵਿਦੇਸ਼ਾਂ ਵਿੱਚ ਜਾ ਵਸੇ ਸਨ। ਹੁਣ ਉਹ ਭਾਰਤ ਪਰਤ ਕੇ ਕੌਮੀ ਮੁੱਖਧਾਰਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਸਰਨਾ ਨੇ ਕਿਹਾ ਕਿ ਜੇ ਬਾਦਲ ਦੀ ਸਰਕਾਰ ਨੂੰ ਉਨ੍ਹਾਂ ਦੇ ਪਤੇ-ਟਿਕਾਣਿਆਂ ਦਾ ਪਤਾ ਨਹੀਂ, ਤਾਂ ਉਹ ਉਨ੍ਹਾਂ ਦੇ ਨਾਂ ਉਨ੍ਹਾਂ ਨੂੰ ਦੇ ਦੇਣ, ਉਹ ਆਪਣੇ ਬੰਦੇ ਭੇਜ ਕੇ ਉਨ੍ਹਾਂ ਦੇ ਪਤੇ ਲਿਆ ਦੇਣਗੇ। ਸਰਨਾ ਨੇ ਕਿਹਾ ਕਿ ਬਾਦਲਕਿਆਂ ਨੂੰ ਅਤੇ ਉਨ੍ਹਾਂ ਦੇ ਟਹਿਲੀਆਂ ਨੂੰ ਸਿੱਖਾਂ ਨਾਲ ਹੋਏ ਧੱਕੇ ਤੇ ਵਧੀਕੀਆਂ ਸਿਰਫ਼ ਚੋਣਾਂ ਵੇਲੇ ਹੀ ਯਾਦ ਆਉਂਦੇ ਹਨ। ਹੁਣ 169 ਵਿਚੋਂ ਸਿਰਫ਼ 46 ਨਾਮ ਕੱਟ ਕੇ ਰਸਮ ਪੂਰੀ ਕੀਤੀ ਜਾ ਰਹੀ ਹੈ। ਸਰਨਾ ਨੇ ਦੱਸਿਆ ਕਿ ਬੀਤੇ ਸੋਮਵਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਾਕਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿੱਚ ਆਏ ਸਨ, ਉਨ੍ਹਾਂ ਦੇ ਸਾਹਮਣੇ ਕਾਲੀ ਸੂਚੀ ਦੇ ਸੰਬੰਧ ਵਿੱਚ ਸਾਰੀ ਸਥਿਤੀ ਰੱਖੀ ਗਈ ਸੀ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਬਾਦਲ ਸਰਕਾਰ ਵੱਲੋਂ ਕਾਲੀ ਸੂਚੀ ਦੇ ਸੰਬੰਧ ਵਿੱਚ ਜੋ ਰਿਪੋਰਟ ਭੇਜੀ ਹੈ, ਉਹ ਵਿਤਕਰੇ ਦੀ ਸੋਚ 'ਤੇ ਆਧਾਰਿਤ ਹੈ, ਇਸ ਕਰਕੇ ਕੇਂਦਰੀ ਸਰਕਾਰ ਨੂੰ ਆਪਣੇ ਪੱਧਰ 'ਤੇ ਇਸ ਵਿੱਚ ਸ਼ਾਮਲ ਨਾਵਾਂ ਦੇ ਸੰਬੰਧ ਵਿੱਚ ਪੁਨਰ-ਵਿਚਾਰ ਕਰ, ਇਸ ਨੂੰ ਪੂਰਨ-ਰੂਪ ਵਿੱਚ ਖ਼ਤਮ ਕਰ ਦੇਣਾ ਚਾਹੀਦਾ ਹੈ। ਸਰਨਾ ਨੇ ਦੱਸਿਆ ਕਿ ਉਨ੍ਹਾਂ ਮਾਕਨ ਦੇ ਧਿਆਨ ਵਿੱਚ ਇਹ ਗੱਲ ਵੀ ਲਿਆਂਦੀ ਕਿ ਕਾਲੀ ਸੂਚੀ ਦੇ ਨਾਂ 'ਤੇ ਵਿਦੇਸ਼ਾਂ ਵਿੱਚ ਵੱਸਦੇ ਕਈ ਸਿੱਖਾਂ ਨੂੰ ਭਾਰਤੀ ਦੂਤਾਵਾਸਾਂ ਦੇ ਕਰਮਚਾਰੀਆਂ ਵੱਲੋਂ ਬਲੈਕਮੇਲ ਕੀਤਾ ਜਾਂਦਾ ਹੈ, ਇਸ ਕਰਕੇ ਜ਼ਰੂਰੀ ਹੈ ਕਿ ਭਾਰਤ ਸਰਕਾਰ ਕਾਲੀ ਸੂਚੀ ਵਿੱਚ ਦਰਜ ਨਾਵਾਂ ਨੂੰ ਜਨਤਕ ਕਰੇ, ਤਾਂ ਜੋ ਉਹ ਸਿੱਖ ਬਲੈਕਮੇਲ ਦਾ ਸ਼ਿਕਾਰ ਹੋਣੋਂ ਬੱਚ ਸਕਣ, ਜਿਨ੍ਹਾਂ ਦੇ ਨਾਂ ਕਾਲੀ ਸੂਚੀ ਵਿੱਚ ਨਹੀਂ ਹਨ। ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਜੋ ਕਈ ਵਾਰ ਕੇਂਦਰ ਸਰਕਾਰ ਤੋਂ ਮੰਗ ਕਰ ਚੁੱਕੇ ਹਨ ਕਿ ਕਾਲੀਆਂ ਸੂਚੀਆਂ ਖ਼ਤਮ ਕੀਤੀਆਂ ਜਾਣ, ਹੁਣ ਚੁੱਪ ਧਾਰੀ ਬੈਠੇ ਹਨ।

ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਨੇ ਕਿਹਾ ਕਿ ਸਰਕਾਰ ਇਸ ਇਤਿਹਾਸਕ ਮੌਕੇ ਦਾ ਲਾਭ ਲੈ ਕੇ ਕਾਲੀ ਸੂਚੀ ਵਿਚ ਸ਼ਾਮਲ ਸਾਰੇ ਹੀ ਸਿੱਖਾਂ ਦੇ ਨਾਮ ਕੱਟ ਕੇ ਸਿੱਖਾਂ ਦੀ ਘਰ ਵਾਪਸੀ ਦਾ ਰਾਹ ਪੱਧਰਾ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਸਾਰੇ ਪੰਥ ਦੀ ਇਸ ਮੰਗ ਨੂੰ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰੇ।

## ਕਾਲੀ ਸੂਚੀ 'ਚ ਕੇਂਦਰ ਕਾਂਟ-ਛਾਂਟ ਕਰੇਗਾ

ਨਵੀਂ ਦਿੱਲੀ-ਪੰਜਾਬ ਵਿਚ ਖਾੜਕੂਵਾਦ ਦੌਰਾਨ ਖਾੜਕੂ ਗਤੀਵਿਧੀਆਂ ਵਿਚ ਸ਼ਾਮਲ ਕੁੱਝ ਸਿੱਖਾਂ ਦੇ ਨਾਮ ਕਾਲੀ ਸੂਚੀ ਵਿਚੋਂ ਹਟਾਉਣ ਬਾਰੇ ਕੇਂਦਰ ਸਰਕਾਰ ਵਲੋਂ ਵਿਚਾਰ ਕੀਤਾ ਜਾ ਰਿਹਾ ਹੈ, ਕਿਉਂਕਿ ਹੁਣ ਇਨ੍ਹਾਂ ਵਿਚੋਂ ਕੋਈ ਵੀ ਅਜਿਹੀਆਂ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਕਾਲੀ ਸੂਚੀ ਵਿਚ ਸ਼ਾਮਲ ਇਨ੍ਹਾਂ ਲੋਕਾਂ ਵਿਚੋਂ ਜ਼ਿਆਦਾਤਰ ਵਿਦੇਸ਼ਾਂ 'ਚ ਰਹਿੰਦੇ ਹਨ ਅਤੇ ਕੁੱਝ ਭਾਰਤ ਵਿਚੋਂ ਭਗੌੜੇ ਹਨ। ਸੂਤਰਾਂ ਮੁਤਾਬਕ ਹੁਣ ਇਨ੍ਹਾਂ ਸਿੱਖਾਂ ਦੇ ਖਾੜਕੂ ਵਿਚਾਰਧਾਰਾ ਤੋਂ ਦੂਰ ਹੋ ਜਾਣ ਕਾਰਨ ਇਨ੍ਹਾਂ ਦੇ ਨਾਮ ਕਾਲੀ ਸੂਚੀ ਵਿਚੋਂ ਹਟਾਏ ਜਾ ਸਕਦੇ ਹਨ। ਪੰਜਾਬ ਵਿੱਚ ਸੰਤਾਪ ਦੇ ਸਮੇਂ ਤੇ ਵਿਦੇਸ਼ਾਂ ਵਿੱਚ ਰਹਿ ਰਹੇ ਸਿੱਖ ਖਾੜਕੂਆਂ ਦੀ ਬਣੀ ਕਾਲੀ ਸੂਚੀ ਵਿੱਚ ਕੇਵਲ ਹੁਣ 28 ਲੋਕ ਹੀ ਅਜਿਹੇ ਰਹਿ ਗਏ ਹਨ, ਜਿਨ੍ਹਾਂ ਦੇ ਵਿਰੁੱਧ ਭਾਰਤ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਗੰਭੀਰ ਅਪਰਾਧਿਕ ਮਾਮਲੇ ਚੱਲ ਰਹੇ ਹਨ। ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ 185 ਖਾੜਕੂਆਂ ਦੇ ਨਾਵਾਂ ਦੀ ਲਿਸਟ ਭੇਜੀ ਸੀ, ਜੋ ਕਾਲੀ ਸੂਚੀ ਵਿੱਚ ਸਨ, ਜੋ ਪੰਜਾਬ ਸਰਕਾਰ ਨੇ ਗ੍ਰਹਿ ਮੰਤਰਾਲੇ ਨੂੰ ਖ਼ਤਮ ਕਰਵਾਉਣ ਲਈ ਲਿਖੀ ਸੀ, ਜਿਸ ਵਿੱਚ ਕੋਈ ਵੀ ਵੰਡ ਹੋ ਸਕੇ। ਹੁਣ ਪਤਾ ਲੱਗਾ ਹੈ ਕਿ ਗ੍ਰਹਿ ਮੰਤਰਾਲੇ ਨੇ ਇਸ ਸੂਚੀ ਦੀ ਪੂਰੀ ਜਾਂਚ ਪੜਤਾਲ ਕੀਤੀ, ਜਿਨ੍ਹਾਂ ਖਾੜਕੂਆਂ 'ਤੇ ਅਪਰਾਧਿਕ ਮਾਮਲੇ ਚਲ ਰਹੇ ਸਨ। ਉਨ੍ਹਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ ਜਾਂ ਉਨ੍ਹਾਂ ਦੇ ਮਾਮਲਿਆਂ ਵਿੱਚ ਨਰਮੀ ਨਹੀਂ ਵਿਖਾਈ ਜਾ ਸਕਦੀ। ਸੂਤਰਾਂ ਅਨੁਸਾਰ ਜਿਨ੍ਹਾਂ ਸਿੱਖ ਖਾੜਕੂਆਂ ਦੇ ਨਾਂ ਪੰਜਾਬ ਸਰਕਾਰ ਵੱਲੋਂ ਭੇਜੀ ਸੂਚੀ ਵਿੱਚ ਹਨ, ਉਨ੍ਹਾਂ ਵਿੱਚ ਬਹੁਤ ਵਿਦੇਸ਼ਾਂ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਹਨ। ਜਦੋਂ ਕਿ ਬਾਕੀ ਪੰਜਾਬ ਵਿੱਚ ਹੀ ਰਹਿ ਰਹੇ ਹਨ। ਪਤਾ ਲੱਗਾ ਹੈ ਕਿ ਜਦੋਂ ਕੋਈ ਵਿਅਕਤੀ ਪਹਿਲਾਂ ਖਾੜਕੂ ਸੀ, ਤਾਂ ਸਾਲਾਂ ਬਾਅਦ ਉਸ ਦੇ ਪੁੱਤਰ ਜਾਂ ਪੁੱਤਰੀ ਨੂੰ ਕਾਲੀ ਸੂਚੀ ਵਿੱਚ ਕਿਉਂ ਰੱਖਿਆ ਰੱਖਿਆ ਜਾਵੇ ? ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਸਿੱਖਾਂ ਵਿਰੁੱਧ ਕੋਈ ਨਰਮੀ ਨਹੀਂ ਦਿਖਾਈ ਜਾਵੇਗੀ, ਜਿਨ੍ਹਾਂ ਵਿਰੁੱਧ ਅਪਰਾਧਿਕ ਮਾਮਲੇ ਚਲ ਰਹੇ ਹਨ। ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਹੀ ਕਾਲੀ ਸੂਚੀ ਵਿਚੋਂ ਬਾਹਰ ਕੀਤਾ ਜਾਵੇਗਾ, ਜਿਨ੍ਹਾਂ 'ਤੇ ਭਾਰਤ ਯਾਤਰਾ ਕਰਨ 'ਤੇ ਪਾਬੰਦੀ ਹੈ। ਸੂਤਰਾਂ ਨੇ ਕਿਹਾ ਕਿ ਜਰਮਨੀ ਵਿਚ ਮੌਜੂਦ ਇਕ ਸਿੱਖ ਖਾੜਕੂ ਜਥੇਬੰਦੀ ਪੰਜਾਬ 'ਚ ਮੁੜ ਖਾੜਕੂਵਾਦ ਉਭਾਰਨ ਦੇ ਯਤਨ ਕਰ ਰਹੀ ਹੈ। ਪੰਜਾਬ ਪੁਲਿਸ ਵਲੋਂ ਇਸ ਜਥੇਬੰਦੀ ਦੇ ਕਾਰਕੁਨਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਪਿਛਲੇ ਸਮੇਂ ਦੌਰਾਨ ਕਈ ਖਾੜਕੂ ਗ੍ਰਿਫ਼ਤਾਰ ਵੀ ਕੀਤੇ ਗਏ ਹਨ। ਜੀਟੀ ਨਿਊਜ਼ ਦੇ ਹਵਾਲੇ ਅਨੁਸਾਰ ਕੇਂਦਰ ਸਰਕਾਰ ਹੁਣ ਖਾਲਿਸਤਾਨ ਪੱਖੀ ਸਿੱਖਾਂ ਦੀ ਨਵੀਂ ਸੂਚੀ ਬਣਾ ਸਕਦੀ ਹੈ, ਕਿਉਂਕਿ ਪੰਜਾਬ ਵਿੱਚ ਫੜੇ ਗਏ ਖਾੜਕੂਆਂ ਕਾਰਣ ਤੇ ਰੁਲਦਾ ਕੇਸ ਕਾਰਣ ਹੋਰ ਸਿੱਖਾਂ ਨੂੰ ਕਾਲੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਜੀ ਟੀ ਵੀ ਨੇ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦਾ ਜ਼ੋਰਦਾਰ ਵਿਰੋਧ ਕੀਤਾ ਹੈ ਅਤੇ ਲਕਸ਼ਮੀਕਾਂਤ ਚਾਵਲਾ ਭਾਜਪਾ ਮੰਤਰੀ ਪੰਜਾਬ ਦਾ ਬਿਆਨ ਇਸ ਸੰਬੰਧੀ ਪੇਸ਼ ਕਰਕੇ ਸਿੱਖਾਂ ਵਿਰੁੱਧ ਜ਼ਹਿਰ ਉਗਲਿਆ ਹੈ ਕਿ ਪੂਰੇ ਭਾਰਤ ਨੂੰ ਜਿਵੇਂ ਸਿੱਖਾਂ ਤੋਂ ਖਤਰਾ ਹੋਵੇ।

## ਭਾਰਤੀ ਮਹਿਲਾ ਹਾਕੀ ਟੀਮ 'ਚ 'ਸੈਕਸ ਸਕੈਂਡਲ'

ਨਵੀਂ ਦਿੱਲੀ-ਭਾਰਤੀ ਮਹਿਲਾ ਹਾਕੀ ਟੀਮ ਦੇ ਵੀਡੀਓਗ੍ਰਾਫ਼ਰ ਦੇ ਸੈਕਸ ਸਕੈਂਡਲ ਵਿਚ ਸ਼ਾਮਲ ਹੋਣ ਦੀ ਖ਼ਬਰ ਹੈ। ਇਹ ਘਟਨਾ ਚੀਨ ਅਤੇ ਕੈਨੇਡਾ ਦੌਰੇ ਦੌਰਾਨ ਵਾਪਰੀ। ਮਹਿਲਾ ਹਾਕੀ ਖਿਡਾਰੀਆਂ ਨੇ ਸੀਨੀਅਰ ਅਧਿਕਾਰੀਆਂ ਨੂੰ ਇਸ ਸੰਬੰਧ ਵਿਚ ਸ਼ਿਕਾਇਤ ਕੀਤੀ ਹੈ। ਇਕ ਖਿਡਾਰੀ ਨੇ ਦੋਸ਼ ਲਾਇਆ ਹੈ ਕਿ ਕਰੀਬ ਇਕ ਸਾਲ ਤੋਂ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਵੀਡੀਓਗ੍ਰਾਫਰ ਬਸਵ ਰਾਜ ਚੀਨ ਅਤੇ ਕੈਨੇਡਾ ਦੌਰੇ ਦੌਰਾਨ ਸੈਕਸ ਸਕੈਂਡਲ ਵਿਚ ਸ਼ਾਮਿਲ ਰਿਹਾ ਹੈ। ਹਾਕੀ ਇੰਡੀਆ ਨੇ ਇਸ ਮਾਮਲੇ ਦੀ ਜਾਂਚ ਵਾਸਤੇ 4 ਮੈਂਬਰ ਕਮੇਟੀ ਗਠਿਤ ਕੀਤੀ ਹੈ ਇਸ ਕਮੇਟੀ ਦੀ ਬੁੱਧਵਾਰ ਨੂੰ ਦਿੱਲੀ ਵਿਚ ਮੀਟਿੰਗ ਹੋਵੇਗੀ। ਹਾਕੀ ਇੰਡੀਆ ਦੇ ਨਰਿੰਦਰ ਬੱਤਰਾ ਨੇ ਕਿਹਾ ਕਿ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।


## ਲੇਡੀ ਵਰਕਰ ਦੀ ਲੋੜ



ਇਕ ਏਸ਼ੀਅਨ ਬੋਟੀਕ ਲਈ ਕੰਮ ਕਰਨ ਵਾਲੀ ਲੜਕੀ ਦੀ ਜ਼ਰੂਰਤ ਹੈ । ਉਸ ਨੂੰ ਕੁਝ ਘਰੇਲੂ ਜ਼ਿੰਮੇਵਾਰੀਆਂ ਵੀ ਕਰਨੀਆਂ ਹੋਣਗੀਆਂ । ਰਿਹਾਇਸ਼ ਦਾ ਵੀ ਪ੍ਰਬੰਧ ਹੈ । ਵਿਦਿਆਰਥੀ ਵੀਜ਼ੇ 'ਤੇ ਆਈਆਂ ਲੜਕੀਆਂ ਵੀ ਅਪਲਾਈ ਕਰ ਸਕਦੀਆਂ ਹਨ ।

**VACANCY AT AN ASIAN BOUTIQUE**

*I am looking for a female worker to work in Asian boutique. Also to carry out some domestic duties. Acommodation provided. Girls holding the student visa are also welcome.*

*For more Information Contact :07898 197343*